22nd Sept 22-9-1996

# ਕਲਾ ਦੇ ਝਰੋਖੇ ਤੋਂ

**ਗੁਰਸ਼ਰਨ ਸਿੰਘ**

ਉਪਰਲੇ ਵਿਸ਼ੇ ਤੇ ਮੈਨੂੰ ਪੰਜਾਬੀ ਰੰਗਮੰਚ ਦੇ ਪ੍ਰਸਿੱਧ ਕਲਾਕਾਰ ਡਾ. ਸਾਹਿਬ ਸਿੰਘ ਦਾ ਇਕ ਪੱਤਰ ਮਿਲਿਆ। ਉਹਦਾ ਸੰਖੇਪ ਹੈ: '...ਰੰਗਮੰਚ ਅਨੇਕਾਂ ਸਮੱਸਿਆਵਾਂ ਦਾ ਸ਼ਿਕਾਰ ਹੈ। ਆਡੀਟੋਰੀਅਮ, ਖੁੱਲ੍ਹੇ ਰੰਗਮੰਚ ਦੀ ਅਣਹੋਂਦ ... ਸਰਕਾਰੀ ਤੇ ਨੀਮ ਸਰਕਾਰੀ ਅਦਾਰਿਆਂ ਦਾ ਰੰਗਕਰਮੀਆਂ ਪ੍ਰਤੀ ਮਤਰੇਆ ਵਤੀਰਾ ... ਰੰਗਕਰਮੀਆਂ ਦੀ ਆਰਥਿਕ ਅਸਥਿਰਤਾ ਤੇ ਹੋਰ ਵੀ ਕਿੰਨੀਆਂ ਸਾਰੀਆਂ ਮੁਸ਼ਕਿਲਾਂ, ਇਨ੍ਹਾਂ ਨਾਲ ਲੜਨ ਲਈ ਇਕ ਸੰਸਥਾ ਦੀ ਲੋੜ ਮਹਿਸੂਸ ਕਰਦੇ ਹਾਂ ...' ਮੇਰੇ ਕੋਲੋਂ ਇਹਦੇ ਬਾਰੇ ਰਾਇ ਪੁੱਛੀ ਗਈ ਹੈ।

ਮੈਂ ਸਮਝਦਾ ਹਾਂ ਕਿ ਡਾ. ਸਾਹਿਬ ਸਿੰਘ ਨੇ ਜਿਹੜੀ ਪਹਿਲਕਦਮੀ ਕੀਤੀ ਹੈ, ਇਹ ਸਮੇਂ ਦੀ ਲੋੜ ਹੈ। ਇਸ ਵਿਚ ਉਠਾਏ ਗਏ ਮਸਲੇ ਪੰਜਾਬ ਦੇ ਥੀਏਟਰ ਵਰਕਰਾਂ ਦੇ ਸਾਂਝੇ ਹਨ। ਪਟਿਆਲਾ ਵਿਚ ਅਤੇ ਗੋਬਿੰਦਗੜ੍ਹ ਵਿਚ ਇਨ੍ਹਾਂ ਬਾਰੇ ਸੈਮੀਨਾਰ ਤੇ ਵਿਚਾਰ ਵਟਾਂਦਰਾ ਹੋਇਆ ਹੈ। ਮੈਂ ਆਪ ਇਸ ਥਾਂ ਜੋ ਸੁਝਾਅ ਦੇ ਰਿਹਾ ਹਾਂ, ਉਹ ਆਪਣੇ ਤਜਰਬੇ ਦੇ ਆਧਾਰ 'ਤੇ ਦੇ ਰਿਹਾ ਹਾਂ, ਇਹ ਜਾਣਦਿਆਂ ਹੋਇਆਂ ਵੀ ਕਿ ਮੈਂ ਆਪ ਆਪਣੀ ਸਿਹਤ ਤੇ ਹੋਰ ਰੁਝੇਵਿਆਂ ਕਰਕੇ ਇਸ ਦਿਸ਼ਾ ਵਿਚ ਕੋਈ ਸਰਗਰਮ ਹਿੱਸਾ ਨਹੀਂ ਪਾ ਸਕਾਂਗਾ।

ਥੀਏਟਰ ਦੇ ਸੰਦਰਭ ਵਿਚ ਵੱਡੀ ਗੱਲ ਜਿਹੜੀ ਸਾਡੇ ਸਾਹਮਣੇ ਹੈ ਕਿ ਪੰਜਾਬ ਦੇ ਸਮੁੱਚੇ ਸਮਾਜ ਵਿਚ, ਥੀਏਟਰ ਦੀ ਸਮਾਜ ਦੇ ਸੁਹਜਾਤਮਕ ਵਿਕਾਸ ਲਈ ਦੇਣ ਬਾਰੇ ਚੇਤਨਾ ਦੀ ਘਾਟ ਹੈ। ਇਹ ਗੱਲ ਸਾਹਿਤ ਉਤੇ ਵੀ ਲਾਗੂ ਹੈ। ਇਹਦੇ ਵਾਸਤੇ ਲਗਾਤਾਰਤਾ ਨਾਲ ਕੋਸ਼ਿਸ਼ ਕੀਤੀ ਜਾਏ ਤਾਂ ਹੀ ਕੋਈ ਸਾਰਥਕ ਨਤੀਜਾ ਨਿਕਲ ਸਕਦਾ ਹੈ। ਇਸ ਸਾਰਥਿਕ ਕੋਸ਼ਿਸ਼ ਲਈ ਜਿਸ ਤਰ੍ਹਾਂ ਡਾ. ਸਾਹਿਬ ਨੇ ਲਿਖਿਆ ਹੈ, ਇਕ ਸੰਸਥਾ ਦੀ ਬੜੀ ਸ਼ਿੱਦਤ ਨਾਲ ਲੋੜ ਹੈ। ਇਹ ਸੰਸਥਾ ਬਨਾਉਣ ਲਈ ਹਿੰਮਤ ਵਾਲੇ ਕੁਝ ਰੰਗਕਰਮੀ ਇਕ ਐਡਹਾਕ ਕਮੇਟੀ ਬਣਾ ਕੇ ਪਹਿਲਕਦਮੀ ਕਰਨ। ਸੰਸਥਾ ਦਾ ਇਕ ਆਰਜ਼ੀ ਵਿਧਾਨ ਜਿਸ ਵਿਚ ਸੰਸਥਾ ਦੇ ਉਦੇਸ਼ ਤੇ ਨਿਸ਼ਾਨੇ ਸਪਸ਼ਟ ਹੋਣ। ਬਣਾਇਆ ਜਾਏ। ਰੰਗਮੰਚ ਨਾਲ ਸਬੰਧਤ ਕਲਾਕਾਰਾਂ ਦੀ ਇਕ ਮੀਟਿੰਗ ਬੁਲਾਈ ਜਾਏ। ਇਹ ਮੀਟਿੰਗ ਇਕ ਕਾਨਫਰੰਸ ਦਾ ਰੂਪ ਵੀ ਧਾਰ ਸਕਦੀ ਹੈ। ਕਾਨਫਰੰਸ ਜੇ ਮੀਟਿੰਗ ਵਾਲੀ ਥਾਂ ਤੇ ਲੋਕਲ ਤੌਰ 'ਤੇ ਜੇ ਨਾਟਕ ਮੇਲਾ ਆਯੋਜਿਤ ਕੀਤਾ ਜਾ ਸਕੇ ਤਾਂ ਲੋਕਾਂ ਕੋਲੋਂ ਫੰਡ ਇਕੱਠਾ ਕਰਨ ਵਿਚ ਸਹੂਲਤ ਹੋ ਸਕਦੀ ਹੈ।

ਕੋਈ ਵੀ ਸੰਸਥਾ ਬਨਾਉਣ ਲੱਗਿਆਂ ਇਹ ਇਹਤਿਆਤ ਵਰਤਣੀ ਜ਼ਰੂਰੀ ਹੈ ਕਿ ਕਿਸੇ ਵੀ ਵਿਅਕਤੀ ਨੂੰ ਉਸ ਦੀ ਸਰਕਾਰੇ ਦਰਬਾਰੇ ਪਹੁੰਚ ਦੇ ਲਾਲਚ ਜਾਂ ਉਸ ਵਿਅਕਤੀ ਨੂੰ ਜੋ ਪੈਸੇ ਦੇ ਰਸੂਖ ਨਾਲ ਚੌਧਰ ਦਾ ਭੁੱਖਾ ਹੋਵੇ, ਸੰਸਥਾ ਦੇ ਨੇੜੇ ਨਾ ਆਉਣ ਦਿੱਤਾ ਜਾਏ। ਦੂਜੀ ਗੱਲ ਜਿੱਥੇ ਮੀਟਿੰਗ ਜਾਂ ਕਾਨਫਰੰਸ ਹੋਵੇ, ਉਥੇ ਘੱਟ ਤੋਂ ਘੱਟ ਉਸ ਦਿਨ ਲਈ ਇਹ ਅਨੁਸਾਸ਼ਨ ਜ਼ਰੂਰ ਹੋਵੇ ਕਿ ਦਾਰੂ ਦੀ ਵਰਤੋਂ ਨਾ ਕੀਤੀ ਜਾਏ। ਲੋਕਾਂ ਵਿਚ ਇਹ ਪ੍ਰਭਾਵ ਨਹੀਂ ਜਾਣਾ ਚਾਹੀਦਾ ਕਿ ਇਹ ਕਲਾਕਾਰ ਜਾਂ ਸਾਹਿਤਕਾਰ ਤਾਂ ਹੀ ਇਕੱਠੇ ਹੁੰਦੇ ਹਨ, ਤਾਂ ਜੋ ਦਾਰੂ ਪਾਣੀ ਦੀ ਮਹਿਫਲ ਲਗਾਈ ਜਾ ਸਕੇ। ਲੋਕਾਂ ਦੀ ਚੇਤਨਾ ਦੇ ਵਿਕਾਸ ਲਈ ਇਹ ਜ਼ਰੂਰੀ ਹੈ ਕਿ ਅਸੀਂ ਆਪ ਆਪਣੀਆਂ ਸਮਾਜਿਕ ਜ਼ਿੰਮੇਵਾਰੀਆਂ ਬਾਰੇ ਚੇਤੰਨ ਹੋਈਏ।

ਸਰਕਾਰੀ, ਨੀਮ ਸਰਕਾਰੀ ਅਦਾਰਿਆਂ ਉਤੇ ਜ਼ੋਰ ਪਾਉਣ ਲਈ ਥੀਏਟਰ ਵਰਕਰਾਂ ਦੀ ਇਕ ਸ਼ਕਤੀਸ਼ਾਲੀ ਸੰਸਥਾ ਦੀ ਬੜੀ ਸਖਤ ਲੋੜ ਹੈ। ਇਹ ਸੰਸਥਾ ਹੀ ਥੀਏਟਰ ਲਈ ਲੋੜੀਂਦੇ ਫੰਡ ਮੁਹੱਈਆ ਕਰਵਾ ਸਕੇਗੀ। ਨਗਰਪਾਲਿਕਾ ਜਾਂ ਪੰਚਾਇਤ 'ਤੇ ਜ਼ੋਰ ਪਾ ਸਕੇਗੀ ਕਿ ਉਹ ਆਡੀਟੋਰੀਅਮ ਤੇ ਖੁੱਲ੍ਹੇ ਰੰਗਮੰਚ ਬਨਾਉਣ। ਜੋ ਵੀ ਵਿਅਕਤੀ ਜਾਂ ਗਰੁੱਪ ਇਸਦੀ ਪਹਿਲਕਦਮੀ ਕਰੇਗਾ ਉਹ ਬਾਕੀ ਰੰਗਕਰਮੀਆਂ ਦੇ ਰਿਣ ਦਾ ਹੱਕਦਾਰ ਹੋਵੇਗਾ।

**ਬਾਬਾ ਭਕਨਾ ਦੀਆਂ ਲਿਖਤਾਂ:** ਸਾਹਿਤ ਦੇ ਇਤਿਹਾਸ ਵਿਚ ਕੁਝ ਲਿਖਤਾਂ ਐਸੀਆਂ ਹੁੰਦੀਆਂ ਹਨ, ਜੋ ਅਮਰ ਹੋਣ ਦਾ ਦਰਜਾ ਰਖਦੀਆਂ ਹਨ। ਬਾਬਾ ਸੋਹਣ ਸਿੰਘ ਭਕਨਾ ਦੀਆਂ ਲਿਖਤਾਂ ਉਨ੍ਹਾਂ ਵਿਚੋਂ ਇਕ ਹਨ। ਪ੍ਰੋ. ਮਲਵਿੰਦਰ ਜੀਤ ਸਿੰਘ ਦੀ ਸੰਪਾਦਨਾ ਥੱਲੇ ਇਹ ਲਿਖਤਾਂ ਇਕ ਵੱਡੀ ਪੁਸਤਕ ਦੀ ਸ਼ਕਲ ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ ਵਲੋਂ ਛਾਪੀਆਂ ਗਈਆਂ ਹਨ। ਪੁਸਤਕ ਵਿਚ ਉਹ ਲੰਮੀ ਤੇ ਮਹੱਤਵਪੂਰਨ ਇੰਟਰਵਿਊ ਵੀ ਸ਼ਾਮਲ ਹੈ, ਜੋ ਬਾਬਾ ਜੀ ਨਾਲ ਪ੍ਰੇਮ ਸਿੰਘ ਬਜਾਜ ਵਲੋਂ ਕੀਤੀ ਗਈ। ਪੇਸ਼ ਹਨ ਇਨ੍ਹਾਂ ਵਿਚੋਂ ਕੁਝ ਗੱਲਾਂ:

"......ਐ ਦੁਨੀਆਂ ਦੇ ਗਰੀਬੋ ਜਾਗੋ ਅਤੇ ਜਥੇਬੰਦ ਹੋ ਜਾਵੋ। ਤੁਸੀਂ ਇਨਸਾਨ ਹੋ ਅਤੇ ਕਿਰਤੀ ਕਿਸਾਨ। ਦੁਨੀਆਂ ਨੂੰ ਨਰਕੋਂ ਸਵਰਗ ਬਣਾਉਣ ਵਾਲੇ ਤੁਸੀਂ ਹੀ ਹੋ। ਆਪਣਾ ਆਪ ਪਹਿਚਾਣੋ। ਅਮੀਰਾਂ ਦੇ ਲੰਗਰਾਂ ਤੋਂ ਜੂਠੇ ਟੁਕੜੇ ਨਾ ਖਾਓ। ਦਾਤੇ ਤਾਂ ਤੁਸੀਂ ਹੋ, ਜੋ ਦੁਨੀਆਂ ਦੇ ਜੀਵਾਂ ਨੂੰ ਅਨਾਜ, ਕੱਪੜੇ ਅਤੇ ਰਹਿਣ ਲਈ ਮਕਾਨ ਬਣਾ ਕੇ ਦਿੰਦੇ ਹੋ।", ... "ਗਰੀਬੀ"

'......ਭਾਰਤੀ ਨੌਜਵਾਨੋ ਅੰਤ ਵਿਚ ਮੈਂ ਤੁਹਾਨੂੰ ਅਪੀਲ ਕਰਦਾ ਹਾਂ ਕਿ ਇਨ੍ਹਾਂ 19-20 ਸਾਲਾਂ ਦੇ ਨੌਜਵਾਨਾਂ ਦੀਆਂ ਕੁਰਬਾਨੀਆਂ ਨੂੰ ਨਾ ਭੁਲੋ, ਜਿਨ੍ਹਾਂ ਨੇ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਪੂਰਨ ਆਜ਼ਾਦੀ ਅਤੇ ਬਰਾਬਰੀ ਦਾ ਰਾਹ ਵਿਖਾਉਣ ਲਈ ਬੇਗਰਜ਼ ਹੋ ਕੇ ਆਪਣੀਆਂ ਜਾਨਾਂ ਵਾਰੀਆਂ ... ਉਨ੍ਹਾਂ ਦੇ ਵਿਖਾਏ ਹੋਏ ਰਸਤੇ ਉਤੇ ਚੱਲੋ। ਅਮਲੋਂ ਸਖਣੇ ਅਤੇ ਗੱਲਾਂ ਨਾਲ ਜਨਤਾ ਨੂੰ ਧੋਖਾ ਦੇਣ ਵਾਲਿਆਂ ਤੋਂ ਸਾਵਧਾਨ ਰਹੋ। ..."

"ਜੀਵਨ ਸੰਗਰਾਮ" (ਆਤਮ ਕਥਾ) ਬਾਬਾ ਭਕਨਾ ਦੀਆਂ ਇਹ ਲਿਖਤਾਂ ਉਸ ਮਹਾਨ ਦੇਸ਼ ਭਗਤ ਦੀ ਯਾਦ ਹਮੇਸ਼ਾ ਤਾਜ਼ਾ ਰੱਖਣਗੀਆਂ।